# 17th Ministerial Meeting of Asia Cooperation Dialogue

January 21, 2021

---

## ਏਸ਼ੀਆਈ ਭਾਈਵਾਲੀ ਸੰਵਾਦ ਦੀ 17ਵੀਂ ਮੰਤਰੀ ਮੰਡਲੀ ਬੈਠਕ

21 ਜਨਵਰੀ, 2021

1. "ਨਿਊ ਨੌਰਮਲ, ਸੁਰੱਖਿਅਤ ਅਤੇ ਸਿਹਤਮੰਦ ਸੈਰ-ਸਪਾਟਾ" ਵਿਸ਼ੇ 'ਤੇ ਆਧਾਰਤ ਏਸ਼ੀਆਈ ਭਾਈਵਾਲੀ ਸੰਵਾਦ ਦੀ 17ਵੀਂ ਮੰਤਰੀ ਮੰਡਲੀ ਬੈਠਕ 21 ਜਨਵਰੀ, 2021 ਨੂੰ ਵਰਚੁਅਲ ਮਾਧਿਅਮ ਰਾਹੀਂ ਹੋਈ। ਵਿਦੇਸ਼ ਮੰਤਰਾਲੇ ਦੀ ਸਕੱਤਰ (ਪੂਰਬ) ਸ੍ਰੀਮਤੀ ਰਿਵਾ ਗਾਂਗੁਲੀ ਦਾਸ ਨੇ ਬੈਠਕ ਵਿੱਚ ਭਾਰਤ ਦੀ ਨੁਮਾਇੰਦਗੀ ਕੀਤੀ।

2. ਆਪਣੀ ਟਿੱਪਣੀ ਵਿਚ ਸਕੱਤਰ (ਪੂਰਬ) ਨੇ COVID -19 ਮਹਾਂਮਾਰੀ ਤੋਂ ਪੈਦਾ ਹੋਈ ਚੁਣੌਤੀ ਦਾ ਤਾਲਮੇਲ ਨਾਲ ਪ੍ਰਤੀਕਰਮ ਦੇਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਆਲਮੀ ਆਰਥਿਕ ਸੁਧਾਰ ਲਈ ਮਜ਼ਬੂਤ ਬਹੁਪੱਖੀ ਸਹਿਯੋਗ ਬਹੁਤ ਲੋੜੀਂਦਾ ਹੈ। ਇਸ ਸਬੰਧ ਵਿੱਚ ਸਕੱਤਰ (ਪੂਰਬ) ਨੇ ਕਿਹਾ ਕਿ ਜਿਥੇ ਰੋਜ਼ੀ ਰੋਟੀ ਨੂੰ ਬਹਾਲ ਕਰਨ ਲਈ ਪੁਰਾਣੇ ਕਾਰੋਬਾਰਾਂ ਦਾ ਮੁੜ ਸੁਰਜੀਤ ਹੋਣਾ ਮਹੱਤਵਪੂਰਣ ਹੈ, ਉੱਥੇ ਹੀ ਸਾਨੂੰ ਨਵੀਨਤਾ ਅਤੇ ਪੂਰਕਾਂ 'ਤੇ ਵੀ ਧਿਆਨ ਦੇਣਾ ਚਾਹੀਦਾ ਹੈ ਅਤੇ ਕਾਰੋਬਾਰ ਦੇ ਨਵੇਂ ਮਾਡਲਾਂ ਦੀ ਤਲਾਸ਼ ਕਰਨੀ ਚਾਹੀਦੀ ਹੈ।

3. ਰੋਜ਼ਗਾਰ ਯਕੀਨੀ ਬਣਾਉਣ ਅਤੇ ਇਸ ਦੇ ਨਾਲ ਨਾਲ ਸਭਿਆਚਾਰਕ ਅਤੇ ਕੁਦਰਤੀ ਵਿਰਾਸਤ ਦੀ ਸੁਰੱਖਿਆ ਲਈ ਸੈਰ ਸਪਾਟਾ ਖੇਤਰ ਨੂੰ ਮੁੜ ਸੁਰਜੀਤ ਕਰਨ ਅਤੇ ਮੁੜ ਉਸਾਰਨ ਦੀ ਸਖ਼ਤ ਲੋੜ ਦੀ ਗੱਲ ਕਰਦੇ ਹੋਏ ਸਕੱਤਰ (ਪੂਰਬ) ਨੇ ਕਿਹਾ ਕਿ ਭਾਰਤ 3T's ਰਣਨੀਤੀ ਦੇ ਹਿੱਸੇ ਵਜੋਂ ਸੈਰ ਸਪਾਟੇ ਨੂੰ ਉਤਸ਼ਾਹਤ ਕਰਨ 'ਤੇ ਧਿਆਨ ਦੇ ਰਿਹਾ ਹੈ, ਜਿਸ ਅੰਦਰ "ਵਪਾਰ, ਸੈਰ-ਸਪਾਟਾ ਅਤੇ ਤਕਨਾਲੋਜੀ" ਸ਼ਾਮਲ ਹੈ। ਸਕੱਤਰ (ਪੂਰਬ) ਨੇ ਸੁਰੱਖਿਅਤ ਅਤੇ ਸਿਹਤਮੰਦ ਸੈਰ-ਸਪਾਟਾ ਉਤਸ਼ਾਹਤ ਕਰਨ ਲਈ ਡਾਇਗਨੋਸਟਿਕ ਉਪਕਰਣਾਂ, ਇਲਾਜ ਅਤੇ ਟੀਕਿਆਂ ਤੱਕ ਇੱਕਸਾਰ ਅਤੇ ਸਰਵ ਵਿਆਪਕ ਪਹੁੰਚ ਯਕੀਨੀ ਬਣਾਉਣ ਦੇ ਉਦੇਸ਼ਾਂ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਇਸ ਪ੍ਰਸੰਗ ਵਿਚ ਸਕੱਤਰ ( ਪੂਰਬ) ਨੇ ਦੱਸਿਆ ਕਿ ਭਾਰਤ ਨੇ ਆਪਣੇ ਗੁਆਂਢੀਆਂ ਭੂਟਾਨ, ਮਾਲਦੀਵਜ਼, ਨੇਪਾਲ, ਬੰਗਲਾਦੇਸ਼, ਮਿਆਂਮਾਰ ਅਤੇ ਸੇਚੇਸ਼ੇਲਸ ਨੂੰ ਗ੍ਰਾਂਟ ਸਹਾਇਤਾ ਹੇਠ ਟੀਕੇ ਪਹੁੰਚਾਉਣਾ ਸ਼ੁਰੂ ਕਰ ਦਿੱਤਾ ਹੈ।

4. ਸਕੱਤਰ (ਪੂਰਬ) ਨੇ ਭਾਰਤ-ਮਿਆਂਮਾਰ-ਥਾਈਲੈਂਡ ਤਿਪੱਖੀ ਟਰਾਈਲਟਰਲ ਹਾਈਵੇ ਅਤੇ ਇਸਦੇ ਕੰਬੋਡੀਆ, ਲਾਓਸ ਅਤੇ ਵਿਅਤਨਾਮ ਤੱਕ ਸੰਭਾਵਤ ਵਿਸਥਾਰ ਸਣੇ ਏਸ਼ੀਆ ਵਿੱਚ ਕਨੇਕਟਿਵਿਟੀ ਵਧਾਉਣ ਲਈ ਚੁੱਕੇ ਗਏ ਵੱਖ-ਵੱਖ ਕਦਮਾਂ 'ਤੇ ਚਾਨਣਾ ਪਾਇਆ। ਆਲਮੀ ਸੂਰਜੀ ਗਠਜੋੜ (ISA) ਅਤੇ ਕੋਲੀਸ਼ਨ ਫਾਰ ਡਿਜ਼ਾਸਟਰ ਰੇਜ਼ੀਲੈਂਟ ਇਨਫਰਾਸਟ੍ਰੱਕਚਰ (CDRI) ਵਰਗੀਆਂ ਪਹਿਲਾਂ ਨਾਲ ਆਲਮੀ ਜਲਵਾਯੂ ਕਾਰਵਾਈ ਅਤੇ ਡਿਜ਼ਾਸਟਰ ਰੇਜ਼ੀਲੈਂਟ ਇਨਫਰਾਸਟ੍ਰੱਕਚਰ ਬਣਾਉਣ ਵੱਲ ਸਕਾਰਾਤਮਕ ਧਿਆਨ ਦਿੱਤਾ ਗਿਆ ਹੈ।

5. ਇਸ ਗੱਲ ਵੱਲ ਧਿਆਨ ਖਿੱਚਦੇ ਹੋਏ ਕਿ ਅੱਤਵਾਦ ਹੁਣ ਵੀ ਆਲਮੀ ਸ਼ਾਂਤੀ ਅਤੇ ਸੁਰੱਖਿਆ ਲਈ ਵੱਡਾ ਖ਼ਤਰਾ ਬਣਿਆ ਹੋਇਆ ਹੈ, ਸਕੱਤਰ (ਪੂਰਬ) ਨੇ ਸਾਰੇ ਰੂਪਾਂ ਵਿੱਚ ਅੱਤਵਾਦ ਨੂੰ ਖਤਮ ਕਰਨ ਲਈ ਵੱਧ ਤੋਂ ਵੱਧ ਸਹਿਯੋਗ ਦੀ ਅਪੀਲ ਕੀਤੀ। ਸਕੱਤਰ (ਪੂਰਬ) ਨੇ ਅੱਗੇ ਜ਼ੋਰ ਦੇ ਕੇ ਕਿਹਾ ਕਿ ਆਸੀਆਨ ਨੂੰ ਕੇਂਦਰ ਵਿੱਚ ਰੱਖਦੇ ਹੋਏ ਭਾਰਤ -ਪ੍ਰਸ਼ਾਂਤ ਖੇਤਰ ਵਿੱਚ ਸਾਂਝੀਆਂ ਚੁਣੌਤੀਆਂ ਲਈ ਨਵੇਂ ਤਾਲਮੇਲ ਅਤੇ ਭਾਈਵਾਲੀ ਦੀ ਲੋੜ ਹੈ। ਸਾਲ 2019 ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੁਆਰਾ ਐਲਾਨੀ ਗਈ ਭਾਰਤ-ਪ੍ਰਸ਼ਾਂਤ ਸਮੁੰਦਰੀ ਪਹਿਲ (IPOI) ਆਜ਼ਾਦ, ਖੁੱਲੇ, ਸਮਾਵੇਸ਼ੀ ਅਤੇ ਨਿਯਮ-ਅਧਾਰਤ ਭਾਰਤ -ਪ੍ਰਸ਼ਾਂਤ ਖੇਤਰ ਦੀ ਸਿਰਜਣਾ 'ਤੇ ਆਧਾਰਤ ਹੈ, ਜਿਸ ਨਾਲ ਇਸ ਖੇਤਰ ਅੰਦਰ ਸਭਨਾਂ ਲਈ ਸੁਰੱਖਿਆ ਅਤੇ ਵਿਕਾਸ (SAGAR) ਨੂੰ ਉਤਸ਼ਾਹ ਮਿਲ ਸਕੇ।

6. ਸਕੱਤਰ (ਪੂਰਬ) ਨੇ ਤੁਰਕੀ ਸਰਕਾਰ ਦਾ ACD ਦੀ ਪ੍ਰਧਾਨਗੀ ਸੰਭਾਲਣ ਅਤੇ 17ਵੀਂ ACD ਮੰਤਰੀ ਮੰਡਲੀ ਬੈਠਕ ਦੀ ਮੇਜ਼ਬਾਨੀ ਕਰਨ ਲਈ ਧੰਨਵਾਦ ਕੀਤਾ।

7. ਬੈਠਕ ਦੇ ਅੰਤ ਵਿੱਚ ਸਾਰੇ ACD ਦੇਸ਼ਾਂ ਨੇ "ਅੰਕਰਾ ਐਲਾਨਨਾਮਾ" ਅੰਗੀਕਾਰ ਕੀਤਾ।

ਨਵੀਂ ਦਿੱਲੀ
21 ਜਨਵਰੀ, 2021

DISCLAIMER: This is an approximate translation. The original is available in English on MEA's website and may be referred to as the official press release.